Ghatnakarm-2024.qxd 12/28/2024 7:50 PM Page 3





7 ਅਕਤੂਬਰ, 2023 ਨੂੰ ਇਜ਼ਰਾਈਲ 'ਤੇ ਹਮਾਸ ਵਲੋਂ ਕੀਤੇ ਗਏ ਹਮਲੇ ਨਾਲ ਆਰੰਭ ਹੋਇਆ ਯੁੱਧ 2024 ਵਿਚ ਵੀ ਪੂਰਾ ਸਾਲ ਚਲਦਾ ਰਿਹਾ ਤੇ ਇਸ ਹਮਲੇ ਦੌਰਾਨ ਇਜ਼ਰਾਈਲ ਨੇ ਫਿਲਸਤੀਨੀ ਇਲਾਕੇ ਗਾਜ਼ਾ ਨੂੰ ਇਕ ਤਰ੍ਹਾਂ ਨਾਲ ਖੰਡਰ ਹੀ ਬਣਾ ਦਿੱਤਾ। ਇਸ ਯੁੱਧ ਵਿਚ ਹੁਣ ਤੱਕ 45 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਉਪਰੋਕਤ ਤਸਵੀਰ ਗਾਜ਼ਾ 'ਤੇ ਇਜ਼ਰਾਈਲ ਵਲੋਂ ਕੀਤੇ ਗਏ ਇਕ ਹਮਲੇ ਨਾਲ ਹੋਈ ਤਬਾਹੀ ਦਾ ਭਿਆਨਕ ਦ੍ਰਿਸ਼ ਬਿਆਨ ਕਰ ਰਹੀ ਹੈ।




ਅਮਰੀਕਾ ਦੇ ਰਾਸ਼ਟਰਪਤੀ ਲਈ 5 ਨਵੰਬਰ ਨੂੰ ਹੋਈਆਂ ਚੋਣਾਂ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਹ ਪਹਿਲਾਂ ਦੇਸ਼ ਦੇ 2017 ਤੋਂ 2021 ਤੱਕ ਰਾਸ਼ਟਰਪਤੀ ਰਹਿ ਚੁੱਕੇ ਸਨ। ਉਨ੍ਹਾਂ ਨੇ ਇਸ ਅਹੁਦੇ ਲਈ ਦੁਬਾਰਾ ਚੋਣ ਲੜੀ ਅਤੇ ਡੈਮੋਕ੍ਰੇਟਿਵ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਹਰਾਇਆ। ਕਾਂਗਰਸ ਦੇ ਦੋਵਾਂ ਸਦਨਾਂ ਵਿਚ ਵੀ ਰਿਪਬਲਿਕਨ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ।



ਰੂਸ ਵਲੋਂ 24 ਫਰਵਰੀ, 2022 ਨੂੰ ਯੂਕਰੇਨ 'ਤੇ ਕੀਤੇ ਗਏ ਹਮਲੇ ਨਾਲ ਰੂਸ-ਯੂਕਰੇਨ ਯੁੱਧ ਦੀ ਸ਼ੁਰੂਆਤ ਹੋਈ ਸੀ। ਜੇਕਰ ਇਸ ਯੁੱਧ ਦੀ ਸਮਾਪਤੀ ਨਹੀਂ ਹੁੰਦੀ ਤਾਂ ਨਵੇਂ ਸਾਲ ਦੇ ਫਰਵਰੀ ਮਹੀਨੇ ਵਿਚ ਇਹ ਤੀਜੇ ਸਾਲ ਵਿਚ ਪ੍ਰਵੇਸ਼ ਕਰ ਜਾਵੇਗਾ। ਇਸ ਯੁੱਧ ਵਿਚ ਹੁਣ ਤੱਕ ਆਮ ਲੋਕਾਂ ਤੋਂ ਇਲਾਵਾ ਦੋਵਾਂ ਪਾਸਿਆਂ ਦੇ ਇਕ ਲੱਖ ਤੋਂ ਵੱਧ ਲੋਕ ਤੇ ਸੈਨਿਕ ਮਾਰੇ ਜਾ ਚੁੱਕੇ ਹਨ। ਉਪਰੋਕਤ ਤਸਵੀਰ ਰੂਸ ਵਲੋਂ ਕੀਵ 'ਤੇ ਕੀਤੇ ਗਏ ਹਮਲੇ ਦੀ ਹੈ।

# ਯੁੱਧ, ਅਸ਼ਾਂਤੀ ਅਤੇ ਚੋਣਾਂ ਦਾ ਸਾਲ-2024



ਲੋਕਮਿੱਤਰ ਗੌਤਮ

ਜੇਕਰ ਇਤਿਹਾਸ ਬਣਨ ਵੱਲ ਵਧ ਰਹੇ ਸਾਲ 2024 ਵੱਲ ਸੰਸਾਰ ਪੱਧਰ 'ਤੇ ਇਕ ਨਜ਼ਰ ਮਾਰੀਏ ਤਾਂ ਇਹ ਕਈ ਤਰ੍ਹਾਂ ਦੀਆਂ ਪ੍ਰਾਪਤੀਆਂ ਵਾਲਾ ਸਾਲ ਰਿਹਾ ਹੈ। ਇਕ ਪਾਸੇ ਜਿਥੇ ਇਹ ਦੂਜੇ ਵਿਸ਼ਵ ਤੋਂ ਬਾਅਦ ਹੁਣ ਤੱਕ ਸਭ ਤੋਂ ਜ਼ਿਆਦਾ ਯੁੱਧ ਅਤੇ ਅਸ਼ਾਂਤੀ ਵਾਲਾ ਸਾਲ ਰਿਹਾ, ਉਥੇ ਇਸ ਸਾਲ ਦੁਨੀਆ ਦੇ ਜਿੰਨੇ ਦੇਸ਼ਾਂ 'ਚ ਚੋਣਾਂ ਹੋਈਆਂ, ਪਿਛਲੇ 100 ਸਾਲਾਂ 'ਚ ਇੰਨੇ ਦੇਸ਼ਾਂ 'ਚ ਚੋਣਾਂ ਕਿਸੇ ਇਕ ਸਾਲ 'ਚ ਕਦੀ ਨਹੀਂ ਹੋਈਆਂ। ਭਾਰਤ, ਰੂਸ, ਅਮਰੀਕਾ ਤੋਂ ਲੈ ਕੇ ਪਾਕਿਸਤਾਨ, ਸ੍ਰੀਲੰਕਾ, ਬਰਤਾਨੀਆ ਅਤੇ ਫਰਾਂਸ ਸਮੇਤ ਇਸ ਸਾਲ 71 ਦੇਸ਼ਾਂ ਵਿਚ ਚੋਣਾਂ ਹੋ ਚੁੱਕੀਆਂ ਹਨ ਅਤੇ ਜਦੋਂ ਤੱਕ ਇਸ ਸਾਲ ਦਾ ਕੈਲੰਡਰ ਬਦਲੇਗਾ, ਉਦੋਂ ਤੱਕ ਕੁੱਲ 76 ਦੇਸ਼ਾਂ 'ਚ ਚੋਣਾਂ ਹੋ ਚੁੱਕੀਆਂ ਹੋਣਗੀਆਂ। ਦੁਨੀਆ ਦੀ 60 ਫ਼ੀਸਦੀ ਤੋਂ ਜ਼ਿਆਦਾ ਆਬਾਦੀ ਇਸ ਸਾਲ ਚੋਣਾਂ ਵਿਚੀਂ ਗੁਜ਼ਰੀ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਨਾਲ ਹੀ ਸਭ ਤੋਂ ਤਾਕਤਵਰ ਲੋਕਤੰਤਰ ਅਮਰੀਕਾ ਅਤੇ 'ਮਦਰ ਆਫ਼ ਡੈਮੋਕ੍ਰੇਸੀ' ਕਹੇ ਜਾਂਦੇ ਬਰਤਾਨੀਆ ਵਿਚ ਵੀ ਇਸੇ ਸਾਲ ਚੋਣਾਂ ਹੋਈਆਂ ਹਨ।

ਦੂਸਰੇ ਪਾਸੇ ਜੇਕਰ ਅਸ਼ਾਂਤੀ ਵੱਲ ਦੇਖੀਏ ਤਾਂ ਇਸ ਸਾਲ 56 ਦੇਸ਼ ਸਿੱਧੇ-ਅਸਿੱਧੇ ਤੌਰ 'ਤੇ ਯੁੱਧ 'ਚ ਭਿੜੇ ਹਨ, ਜਦੋਂ ਕਿ ਇਨ੍ਹਾਂ ਯੁੱਧਾਂ 'ਚ ਬਾਹਰੀ ਤੌਰ 'ਤੇ ਜੁੜੇ ਦੇਸ਼ਾਂ ਨੂੰ ਵੀ ਜੋੜ ਲਿਆ ਜਾਵੇ ਤਾਂ 'ਇੰਸਟੀਚਿਊਟ ਫਾਰ ਇਕਨਾਮਿਕਸ ਐਂਡ ਪੀਸ' ਵਲੋਂ ਜਾਰੀ ਅੰਕੜਿਆਂ ਮੁਤਾਬਿਕ ਯੁੱਧ ਨਾਲ ਜੁੜੇ ਦੇਸ਼ਾਂ ਦੀ ਗਿਣਤੀ ਵਧ ਕੇ 92 ਹੋ ਜਾਂਦੀ ਹੈ। ਗਲੋਬਲ ਪੀਸ ਇੰਡੈਕਸ ਦੇ ਮੁਤਾਬਿਕ ਇਸ ਸਾਲ ਦੁਨੀਆ ਦੇ 163 ਦੇਸ਼ਾਂ ਵਿਚੋਂ 97 ਦੇਸ਼ ਅਸ਼ਾਂਤੀ ਦੀ ਦਲਦਲ ਵਿਚ ਫਸੇ ਹੋਏ ਹਨ। ਪਿਛਲੇ ਲਗਭਗ 80 ਸਾਲਾਂ 'ਚ ਭਾਵ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਕਿਸੇ ਵੀ ਇਕ ਸਾਲ 'ਚ ਇੰਨੇ ਲੋਕ ਜੰਗ ਤੇ ਭੁੱਖ ਨਾਲ ਨਹੀਂ ਮਰੇ, ਜਿੰਨੇ 2024 'ਚ ਮਰੇ ਹਨ। ਜਨਵਰੀ ਤੋਂ ਦਸੰਬਰ ਦੀ ਸ਼ੁਰੂਆਤ ਤੱਕ ਸਾਲ 2024 ਵਿਚ 2 ਲੱਖ, 30 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਸਿੱਧੇ ਤੌਰ 'ਤੇ ਜੰਗ ਦੇ ਸੰਘਰਸ਼ ਦੌਰਾਨ ਮੌਤ ਹੋ ਚੁੱਕੀ ਹੈ ਅਤੇ 4 ਲੱਖ ਤੋਂ ਜ਼ਿਆਦਾ ਲੋਕ ਗੰਭੀਰ ਰੂਪ ਵਿਚ ਨਕਾਰਾ ਹੋ ਚੁੱਕੇ ਸਨ।

ਸਾਲ 2024 ਸੰਸਾਰ ਪੱਧਰ 'ਤੇ ਇਕ ਡਰਾਉਣੇ ਸੁਪਨੇ ਵਾਂਗ ਰਿਹਾ ਹੈ। ਪੂਰੀ ਦੁਨੀਆ 'ਚ ਛਾਈ ਬਦਅਮਨੀ ਕਾਰਨ ਇਕੱਲੇ ਇਸ ਸਾਲ ਦੌਰਾਨ ਵਿਸ਼ਵ ਅਰਥ-ਵਿਵਸਥਾ ਨੂੰ 19.1 ਟ੍ਰਿਲੀਅਨ (19 ਲੱਖ 10 ਹਜ਼ਾਰ ਕਰੋੜ) ਡਾਲਰ ਦਾ ਨੁਕਸਾਨ ਹੋ ਚੁੱਕਾ ਹੈ। ਜੇਕਰ ਭਾਰਤ ਦੀ ਮੌਜੂਦਾ ਕੁੱਲ ਜੀ.ਡੀ.ਪੀ. ਨੂੰ 4 ਟ੍ਰਿਲੀਅਨ ਵੀ ਮੰਨ ਲਿਆ ਜਾਵੇ ਤਾਂ ਇਸ ਦਾ ਮਤਲਬ ਹੈ ਕਿ ਇਸ ਸਾਲ 'ਚ ਹੁਣ ਤੱਕ ਜਾਰੀ ਜੰਗਾਂ ਦੇ ਕਾਰਨ 5 ਭਾਰਤ ਵਰਗੇ ਦੇਸ਼ ਪੂਰੀ ਤਰ੍ਹਾਂ ਨਾਲ ਬਰਬਾਦ ਹੋ ਚੁੱਕੇ ਹਨ। ਇੰਸਟੀਚਿਊਟ ਆਫ਼ ਇਕਨਾਮਿਕਸ ਐਂਡ ਪੀਸ ਦੇ ਮੁਤਾਬਿਕ ਇਸ ਸਾਲ ਚੱਲਦੀਆਂ ਜੰਗਾਂ ਕਾਰਨ ਹੁਣ ਤੱਕ ਦੁਨੀਆ ਦੀ ਕੁੱਲ ਜੀ.ਡੀ.ਪੀ. ਦਾ ਕਰੀਬ 13.5 ਫ਼ੀਸਦੀ ਹਿੱਸਾ ਖ਼ਤਮ ਹੋ ਚੁੱਕਾ ਹੈ, ਜੋ ਰੁਪਇਆਂ 'ਚ ਕਰੀਬ 1612 ਲੱਖ ਕਰੋੜ ਰੁਪਏ ਬਣਦਾ ਹੈ। ਇਸ ਨੂੰ ਜੇਕਰ ਦੁਨੀਆ ਭਰ ਦੇ ਹਰੇਕ ਵਿਅਕਤੀ ਦੇ ਹਿੱਸੇ ਪਾਇਆ ਜਾਵੇ ਤਾਂ 2024 'ਚ ਕਰੀਬ 1,91,000 ਰੁਪਏ ਦਾ ਨੁਕਸਾਨ ਹਰੇਕ ਵਿਅਕਤੀ ਦਾ ਹੋਇਆ ਹੈ। ਯੂਕਰੇਨ, ਗਾਜ਼ਾ ਅਤੇ ਅਫ਼ਗਾਨਿਸਤਾਨ ਵਰਗੇ ਦੇਸ਼ਾਂ ਦੀ ਤਾਂ 60 ਫ਼ੀਸਦੀ ਤੋਂ ਜ਼ਿਆਦਾ ਜੀ.ਡੀ.ਪੀ. ਇਨ੍ਹਾਂ ਜੰਗਾਂ 'ਚ ਹੀ ਗਰਕ ਹੋ ਚੁੱਕੀ ਹੈ। ਪੂਰੀ ਦੁਨੀਆ 'ਚ ਇਸ ਸਾਲ ਦਸੰਬਰ ਤੱਕ 9.5 ਕਰੋੜ ਲੋਕ ਜਾਂ ਤਾਂ ਆਪਣਾ ਦੇਸ਼ ਛੱਡ ਕੇ ਕਿਸੇ ਦੂਸਰੀ ਜਗ੍ਹਾ ਰਹਿ ਰਹੇ ਹਨ ਜਾਂ ਆਪਣੇ ਹੀ ਦੇਸ਼ ਵਿਚ ਆਪਣੇ ਘਰਾਂ ਤੋਂ ਉੱਜੜ ਚੁੱਕੇ ਹਨ।

ਸਾਲ 2024 ਹਿੰਸਕ ਪੱਧਰ 'ਤੇ ਬਹੁਤ ਹੀ ਖ਼ਤਰਨਾਕ ਸਾਲ ਸਾਬਤ ਹੋਇਆ ਹੈ।

7 ਅਕਤੂਬਰ, 2023 ਨੂੰ ਹਮਾਸ ਦੇ ਸੈਂਕੜੇ ਅੱਤਵਾਦੀਆਂ ਨੇ ਦੱਖਣੀ ਇਜ਼ਰਾਈਲ 'ਤੇ ਆਤਮਘਾਤੀ ਹਮਲਾ ਕਰਕੇ 1200 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ ਅਤੇ 250 ਲੋਕਾਂ ਨੂੰ ਬੰਦੀ ਬਣਾ ਲਿਆ ਸੀ। ਮਰਨ ਵਾਲਿਆਂ ਅਤੇ ਬੰਦੀ ਬਣਨ ਵਾਲਿਆਂ 'ਚ 200 ਤੋਂ ਜ਼ਿਆਦਾ ਬੱਚੇ ਵੀ ਸਨ। ਇਸ ਹਮਲੇ ਦਾ ਬਦਲਾ ਲੈਣ ਲਈ ਇਜ਼ਰਾਈਲ ਨੇ ਗਾਜ਼ਾ 'ਤੇ ਜੋ ਭਿਆਨਕ ਬੰਬਾਰੀ ਕਰਕੇ ਤਬਾਹੀ ਮਚਾਈ, ਉਸ ਦੇ ਚਲਦਿਆਂ ਦਸੰਬਰ 2024 ਦੀ ਸ਼ੁਰੂਆਤ ਤੱਕ 45,000 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿਚ 7,000 ਤੋਂ ਜ਼ਿਆਦਾ ਮਾਸੂਮ ਬੱਚੇ ਹਨ। ਸਾਲ 2024 ਖ਼ੂਨ ਖਰਾਬੇ ਦੇ ਲਿਹਾਜ਼ ਨਾਲ ਕਿੰਨਾ ਦਿਲ ਦਹਿਲਾਉਣ ਵਾਲਾ ਰਿਹਾ ਹੈ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 24 ਫਰਵਰੀ, 2022 ਨੂੰ ਸ਼ੁਰੂ ਹੋਏ ਰੂਸ-ਯੂਕਰੇਨ ਯੁੱਧ 'ਚ ਹੁਣ ਤੱਕ 80,000 ਤੋਂ ਜ਼ਿਆਦਾ ਇਕੱਲੇ ਰੂਸੀ ਫ਼ੌਜੀਆਂ ਦੀ ਹੀ ਮੌਤ ਦੀ ਪੁਸ਼ਟੀ ਹੋਈ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਖ਼ੂਨ-ਖ਼ਰਾਬਾ ਕਿੰਨਾ ਭਿਆਨਕ ਹੈ। ਸਾਲ 2024 ਬਾਕੀ ਸਾਲਾਂ ਵਾਂਗ ਹੋਰ ਵੀ ਡਰਾਉਣੀਆਂ ਘਟਨਾਵਾਂ ਦਾ ਸ਼ਿਕਾਰ ਰਿਹਾ ਹੈ। ਪਰ ਜੰਗ ਅਤੇ ਦਹਿਸ਼ਤਵਾਦ ਦੀਆਂ ਘਟਨਾਵਾਂ ਇੰਝ ਭਾਰੂ ਰਹੀਆਂ ਹਨ ਕਿ ਬਾਕੀ ਘਟਨਾਵਾਂ ਮਹੱਤਵਪੂਰਨ ਹੀ ਨਹੀਂ ਲੱਗਦੀਆਂ। ਭਾਵ ਜਿਸ ਤਰ੍ਹਾਂ ਪਿਛਲੇ 5 ਦਹਾਕਿਆਂ ਤੋਂ ਸੀਰੀਆ 'ਚ ਅੱਤਵਾਦ ਅਤੇ ਦਮਨ ਦਾ ਰਾਜ ਕਾਇਮ ਸੀ, ਉਸ ਤੋਂ ਸੀਰੀਆ ਦੇ ਲੋਕਾਂ ਨੂੰ ਇਸ ਸਾਲ 7 ਦਸੰਬਰ ਨੂੰ ਬਸ਼ਰ-ਅਲ-ਅਸਦ ਦੇ ਤਖ਼ਤ ਪਲਟੇ ਨਾਲ ਮੁਕਤੀ ਮਿਲ ਗਈ ਹੈ। ਉਸ ਨੇ 24 ਸਾਲ ਪਹਿਲਾਂ ਆਪਣੇ ਜ਼ਾਲਮ ਪਿਤਾ ਹਾਫ਼ਿਜ਼-ਅਲ-ਅਸਦ ਦੇ 29 ਸਾਲਾਂ ਤੱਕ ਖ਼ੂਨੀ ਰਾਜ ਤੋਂ ਬਾਅਦ ਸੱਤਾ ਸੰਭਾਲੀ ਸੀ, ਉਦੋਂ ਤੋਂ ਅਸਦ ਦੇ ਵਿਰੁੱਧ ਉਥੋਂ ਦੇ ਲੋਕਾਂ ਦਾ ਵਿਰੋਧ ਜਾਰੀ ਸੀ, ਪਰ ਫ਼ੈਸਲਾਕੁੰਨ ਰੂਪ ਵਿਚ ਇਸ ਵਾਰ ਜਦੋਂ ਵਿਰੋਧੀ ਗੁੱਟ ਹਯਾਤ-ਤਹਰੀਰ-ਅਲ-ਸ਼ਾਮ (ਐਚ.ਟੀ.ਐਸ.) ਨੇ 27 ਨਵੰਬਰ ਨੂੰ ਨਵੇਂ ਸਿਰੇ ਤੋਂ ਜੰਗ ਛੇੜੀ ਤਾਂ ਪਤਾ ਨਹੀਂ ਅਜਿਹਾ ਕੀ ਹੋਇਆ ਕਿ ਸੀਰੀਆ ਦੀ ਸੱਤਾ ਇਕਦਮ ਰੇਤ ਦੇ ਕਿਲ੍ਹੇ ਵਾਂਗ ਢਹਿ-ਢੇਰੀ ਹੋ ਗਈ। ਇਸ ਤਰ੍ਹਾਂ 53 ਸਾਲਾਂ ਤੋਂ ਬਾਪ-ਬੇਟੇ ਦੇ ਜ਼ਾਲਮ ਸ਼ਾਸਨ ਦਾ ਅੰਤ ਹੋ ਗਿਆ। ਬਸ਼ਰ-ਅਲ-ਅਸਦ ਨੂੰ ਭੱਜ ਕੇ ਰੂਸ ਵਿਚ ਪਨਾਹ ਲੈਣੀ ਪਈ।

ਇਹ ਸਾਲ ਇਕ ਤਰ੍ਹਾਂ ਨਾਲ ਚੋਣਾਂ ਲਈ ਚੈਂਪੀਅਨ ਸਾਲ ਰਿਹਾ। ਸਾਲ ਦੇ ਜਾਂਦੇ-ਜਾਂਦੇ 3 ਦਸੰਬਰ, 2024 ਨੂੰ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯੋਲ ਨੇ ਮਾਰਸ਼ਲ ਲਾਅ ਲਗਾ ਦਿੱਤਾ। ਪਰ ਆਪਣੇ ਲੋਕਤੰਤਰੀ ਅਧਿਕਾਰਾਂ ਲਈ ਸੰਵੇਦਨਸ਼ੀਲ ਕੋਰਿਆਈ ਨਾਗਰਿਕਾਂ ਅਤੇ ਉਥੋਂ ਦੀਆਂ ਵੱਖ-ਵੱਖ ਪਾਰਟੀਆਂ ਦੇ ਰਾਜਨੇਤਾ ਆਪਸੀ ਸਾਰੇ ਮਤਭੇਦ ਭੁਲਾ ਕੇ ਰਾਸ਼ਟਰਪਤੀ ਯੋਲ ਦੇ ਖਿਲਾਫ਼ ਲਾਮਬੰਦ ਹੋ ਗਏ ਅਤੇ ਹੁਣ ਉਨ੍ਹਾਂ 'ਤੇ ਮੁਕੱਦਮਾ ਚਲਾਏ ਜਾਣ ਦੀ ਤਿਆਰੀ ਹੈ। ਸਾਲ 2024 ਭਾਰਤ ਦੇ ਗੁਆਂਢੀ ਦੇਸ਼ ਖਾਸ ਕਰਕੇ ਬੰਗਲਾਦੇਸ਼ ਲਈ ਮਾੜਾ ਰਿਹਾ। 5 ਅਗਸਤ ਨੂੰ ਪ੍ਰਧਾਨ ਮੰਤਰੀ ਸ਼ੇਖ਼ ਹੁਸੀਨਾ ਵਾਜਿਦ ਨੂੰ ਢਾਕਾ ਤੋਂ ਭੱਜ ਕੇ ਦਿੱਲੀ ਆਉਣਾ ਪਿਆ। ਦੂਸਰੇ ਪਾਸੇ ਪਾਕਿਸਤਾਨ 'ਚ ਚੋਣਾਂ ਤਾਂ ਹੋਈਆਂ ਪਰ ਉਨ੍ਹਾਂ 'ਤੇ ਸ਼ਾਇਦ ਹੀ ਕੋਈ ਯਕੀਨ ਕਰ ਰਿਹਾ ਹੋਵੇ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਕਈ ਕੋਸ਼ਿਸ਼ਾਂ ਦੇ ਬਾਵਜੂਦ ਜੇਲ੍ਹ ਤੋਂ ਬਾਹਰ ਨਹੀਂ ਆ ਸਕਿਆ ਪਰ ਸ੍ਰੀਲੰਕਾ 'ਚ ਚੋਣਾਂ ਸ਼ਾਂਤੀਪੂਰਨ ਨੇਪਰੇ ਚੜ੍ਹ ਗਈਆਂ। ਇਸ ਸਾਲ ਇਕ ਤਰ੍ਹਾਂ ਜਿਥੇ ਦੁਨੀਆ ਜੰਗ ਅਤੇ ਹਿੰਸਾ ਨਾਲ ਲਹੂ-ਲੁਹਾਣ ਹੋਈ, ਉਥੇ ਦੂਸਰੇ ਪਾਸੇ ਵਿਸ਼ਵ ਅਰਥ-ਵਿਵਸਥਾ ਪੂਰਾ ਸਾਲ ਬੁਰੇ ਹਾਲ 'ਚ ਰਹੀ। ਆਈ.ਐਮ.ਐਫ. ਨੇ ਜੰਗ ਅਤੇ ਦੰਗਾਗ੍ਰਸਤ ਦੁਨੀਆ 'ਚ 3.2 ਫ਼ੀਸਦੀ ਸਾਲਾਨਾ ਵਿਕਾਸ ਦਰ ਦਾ ਅਨੁਮਾਨ ਲਗਾਇਆ ਸੀ ਪਰ ਇਹ ਵੀ ਹਾਸਿਲ ਹੁੰਦੀ ਦਿਖਾਈ ਨਹੀਂ ਦੇ ਰਹੀ। ਜੇਕਰ ਇਸ ਸਾਲ ਹੋਏ ਵਿਸ਼ਵ ਵਪਾਰ ਨੂੰ ਯੁੱਧ ਅਤੇ ਅੱਤਵਾਦ ਦੀ ਮਾਰ ਨਾ ਝੱਲਣੀ ਪੈਂਦੀ ਤਾਂ ਵਿਸ਼ਵ ਵਪਾਰ ਵਧ ਕੇ 40 ਟ੍ਰਿਲੀਅਨ (40 ਲੱਖ ਕਰੋੜ) ਤੱਕ ਪਹੁੰਚ ਜਾਣ ਦੀ ਉਮੀਦ ਸੀ। ਪਰ ਇਹ 33 ਟ੍ਰਿਲੀਅਨ (33 ਲੱਖ ਕਰੋੜ) ਤੱਕ ਹੀ ਹੋ ਸਕਿਆ, ਹਾਲਾਂਕਿ ਇਹ ਵੀ ਇਕ ਬੁਹਤ ਵੱਡੀ ਵਪਾਰਕ ਰਕਮ ਹੈ।

ਜਦੋਂ 18-19 ਨਵੰਬਰ, 2024 ਨੂੰ ਜੀ-20 ਸਿਖਰ ਸੰਮੇਲਨ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਦੇ ਆਧੁਨਿਕ ਕਲਾ ਅਜਾਇਬ ਘਰ 'ਚ ਖ਼ਤਮ ਹੋਇਆ, ਉਸ ਸਮੇਂ ਦੁਨੀਆ ਦੇ ਸਾਰੇ ਦੇਸ਼ਾਂ ਦੇ ਨੇਤਾਵਾਂ ਦਾ ਇਹੀ ਕਹਿਣਾ ਸੀ ਕਿ ਜੇਕਰ ਇਕ ਨਿਆਂਪੂਰਨ ਅਤੇ ਸੱਚੇ ਵਿਸ਼ਵ ਦਾ ਨਿਰਮਾਣ ਨਾ ਹੋ ਸਕਿਆ ਤਾਂ ਦੁਨੀਆ 'ਤੇ ਅਨਿਸ਼ਚਿਤਾ ਦੇ ਬੱਦਲ ਮੰਡਰਾਉਣ ਲੱਗਣਗੇ। ਪਰ ਦੁਨੀਆ ਦੇ ਵੱਡੇ ਨੇਤਾ ਮਿਲ ਬੈਠ ਕੇ ਗੱਲਾਂ ਭਾਵੇਂ ਜਿੰਨੀਆਂ ਮਰਜ਼ੀ ਵੱਡੀਆਂ-ਵੱਡੀਆਂ ਕਰ ਲੈਣ, ਪਰ ਕਿਸੇ ਸਾਕਾਰਾਤਮਿਕ ਨਤੀਜੇ ਤਕ ਮੁਸ਼ਕਿਲ ਨਾਲ ਵੀ ਨਹੀਂ ਪਹੁੰਚਦੇ, ਜਿਸ ਦਾ ਨਤੀਜਾ ਹੈ ਕਿ ਦੁਨੀਆ ਦਾ ਵਾਤਾਵਰਨ ਲਗਾਤਾਰ ਵਿਗੜਦਾ ਜਾ ਰਿਹਾ ਹੈ। ਪਿਛਲੇ ਤਿੰਨ ਜਲਵਾਯੂ ਪਰਿਵਰਤਨਾਂ ਸੰਬੰਧੀ ਸੰਮੇਲਨਾਂ 'ਚ ਇਸ ਗੱਲ 'ਤੇ ਸਹਿਮਤੀ ਬਣ ਰਹੀ ਹੈ ਕਿ ਜਿਨ੍ਹਾਂ ਵਿਕਸਿਤ ਦੇਸ਼ਾਂ ਨੇ ਆਪਣੇ ਵਿਕਾਸ ਲਈ ਅੰਨ੍ਹੇਵਾਹ ਕਾਰਬਨ ਪੈਦਾ ਕੀਤੀ ਹੈ, ਉਨ੍ਹਾਂ ਨੂੰ ਦੁਨੀਆ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਨ ਲਈ ਆਰਥਿਕ ਸਹਾਇਤਾ ਦੇਣੀ ਚਾਹੀਦੀ ਹੈ, ਪਰ ਸਿਧਾਂਤਕ ਰੂਪ 'ਚ ਸਹਿਮਤ ਹੋਣ ਤੋਂ ਬਾਅਦ ਵੀ ਅਜਿਹਾ ਨਹੀਂ ਹੋ ਰਿਹਾ ਅਤੇ ਧਰਤੀ ਦੀ ਸਿਹਤ ਬਦ-ਤੋਂ-ਬਦਤਰ ਹੁੰਦੀ ਜਾ ਰਹੀ ਹੈ।

*-ਇਮੇਜ ਰਿਫਲੈਕਸ਼ਨ ਸੈਂਟਰ।*



ਪਾਕਿਸਤਾਨ ਵਿਚ ਇਸ ਸਾਲ 8 ਫਰਵਰੀ ਨੂੰ ਨੈਸ਼ਨਲ ਅਸੰਬਲੀਆਂ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ ਸੀ। ਇਮਰਾਨ ਦੇ ਸਮਰਥਕਾਂ ਨੇ ਆਜ਼ਾਦ ਉਮੀਦਵਾਰਾਂ ਵਜੋਂ ਚੋਣਾਂ ਲੜੀਆਂ ਅਤੇ 100 ਸੀਟਾਂ ਜਿੱਤੀਆਂ। ਦੂਜੇ ਪਾਸੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼), ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਕਈ ਹੋਰ ਪਾਰਟੀਆਂ ਨੇ ਮਿਲ ਕੇ ਇਹ ਚੋਣਾਂ ਲੜੀਆਂ ਅਤੇ ਸ਼ਾਹਬਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣੇ।



ਧਰਤੀ ਦੀ ਵਧ ਰਹੀ ਤਪਸ਼ ਅਤੇ ਵਾਤਾਵਰਨ ਵਿਚ ਪੈਦਾ ਹੋ ਰਹੇ ਅੰਸਤੁਲਨ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਸੰਘ ਦੀ ਅਗਵਾਈ ਵਿਚ ਬ੍ਰਾਜ਼ੀਲ ਦੇ ਸ਼ਹਿਰ ਰੀਓ ਡੀ ਜਨੇਰਿਓ ਵਿਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧਾਂ ਦੀ ਅਹਿਮ ਮੀਟਿੰਗ ਹੋਈ ਪਰ ਵਿਕਸਿਤ ਦੇਸ਼ ਵਾਤਾਵਰਨ ਅੰਸਤੁਲਨ ਨੂੰ ਰੋਕਣ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਸਹਾਇਤਾ ਦੇਣ ਲਈ ਬਹੁਤੇ ਸਹਿਮਤ ਨਾ ਹੋਏ।



ਪਿਛਲੇ ਲੰਮੇ ਸਮੇਂ ਤੋਂ ਇਜ਼ਰਾਈਲ ਅਤੇ ਅੰਦਰੂਨੀ ਬਗ਼ਾਵਤ ਦਾ ਸਾਹਮਣਾ ਕਰ ਰਹੇ ਸੀਰੀਆ ਵਿਚ ਹਯਾਤ ਤਹਿਰੀਰ ਅਲ ਸ਼ਾਮ ਦੇ ਲੜਾਕਿਆਂ ਨੇ 8 ਦਸੰਬਰ ਨੂੰ ਦਮਿਸ਼ਕ 'ਤੇ ਕਬਜ਼ਾ ਕਰਕੇ ਰਾਸ਼ਟਰਪਤੀ ਬਸ਼ਰ ਅਲ ਅਸਦ ਦਾ ਤਖ਼ਤਾ ਪਲਟ ਦਿੱਤਾ ਅਤੇ ਅਬੂ ਮੁਹੰਮਦ ਜੁਲਾਨੀ ਨੇ ਦੇਸ਼ ਦਾ ਪ੍ਰਸ਼ਾਸਨ ਆਪਣੇ ਹੱਥ ਵਿਚ ਲੈ ਲਿਆ।




ਇਸ ਸਾਲ ਬਰਤਾਨੀਆ ਵਿਚ ਵੀ ਸੰਸਦ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਕੰਜ਼ਰਵੇਟਿਵ ਪਾਰਟੀ ਦੇ 14 ਸਾਲਾ ਰਾਜ ਦਾ ਅੰਤ ਹੋ ਗਿਆ। ਲੇਬਰ ਪਾਰਟੀ ਨੇ 650 ਮੈਂਬਰੀ ਸੰਸਦ ਦੀਆਂ 400 ਸੀਟਾਂ ਜਿੱਤੀਆਂ। ਕੀਰ ਸਟਾਰਮਰ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਬਣੇ।



ਸਾਲ 2024 ਦਾ ਸਾਹਿਤ ਦਾ ਪੁਰਸਕਾਰ ਪ੍ਰਾਪਤ ਕਰਨ ਵਾਲੀ ਸਾਹਿਤਕਾਰ ਹਾਨ ਕਾਂਗ



ਰੂਸ ਅਤੇ ਯੂਕਰੇਨ ਦੇ ਯੁੱਧ ਨੇ ਭਾਰਤ ਅਤੇ ਰੂਸ ਦੇ ਸੰਬੰਧਾਂ 'ਤੇ ਵੀ ਕਈ ਪੱਖਾਂ ਤੋਂ ਦਬਾਅ ਪਾਇਆ। ਇਸ ਦੇ ਬਾਵਜੂਦ ਭਾਰਤ ਦੋਵਾਂ ਦੇਸ਼ਾਂ ਨਾਲ ਆਪਣੇ ਸੰਬੰਧਾਂ ਨੂੰ ਬਰਕਰਾਰ ਰੱਖਣ ਵਿਚ ਸਫ਼ਲ ਰਿਹਾ। ਇਸ ਸਾਲ ਦੌਰਾਨ ਭਾਰਤ ਅਤੇ ਚੀਨ ਦਰਮਿਆਨ ਸੰਬੰਧਾਂ ਵਿਚ ਕਈ ਉਤਰਾਅ-ਚੜ੍ਹਾਅ ਆਏ। ਪਰ ਸਾਲ ਦੇ ਅਖ਼ੀਰ ਵਿਚ ਭਾਰਤ ਅਤੇ ਚੀਨ ਪੂਰਬੀ ਲੱਦਾਖ ਵਿਚ ਆਪਣੇ ਸਰਹੱਦੀ ਟਕਰਾਅ ਨੂੰ ਘਟਾਉਣ ਵਿਚ ਸਫ਼ਲ ਰਹੇ। ਉਪਰੋਕਤ ਤਸਵੀਰ ਰੂਸ ਦੇ ਸ਼ਹਿਰ ਕਜ਼ਾਨ ਦੀ ਹੈ, ਜਿਥੇ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਰੂਸ ਦੇ ਰਾਸ਼ਟਰਪਤੀ ਸ੍ਰੀ ਪੁਤਿਨ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ-ਜਿਨ-ਪਿੰਗ ਨਾਲ ਨਜ਼ਰ ਆ ਰਹੇ ਹਨ।



ਭਾਰਤ ਅਤੇ ਕੈਨੇਡਾ ਦੇ ਸੰਬੰਧ ਇਸ ਸਾਲ ਵੀ ਤਣਾਅਪੂਰਨ ਬਣੇ ਰਹੇ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਂ-ਸਮੇਂ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ ਭਾਰਤ 'ਤੇ ਲਗਾਉਂਦੇ ਰਹੇ। ਦੂਜੇ ਪਾਸੇ ਭਾਰਤ ਵਲੋਂ ਇਹ ਕਿਹਾ ਜਾਂਦਾ ਰਿਹਾ ਕਿ ਕੈਨੇਡਾ ਨੇ ਇਸ ਮਾਮਲੇ ਵਿਚ ਅਜੇ ਤੱਕ ਵੀ ਉਸ ਨੂੰ ਕੋਈ ਠੋਸ ਸਬੂਤ ਨਹੀਂ ਦਿੱਤਾ। ਭਾਰਤ ਆਪਣੇ ਇਹ ਦੋਸ਼ ਵੀ ਦੁਹਰਾਉਂਦਾ ਰਿਹਾ ਕਿ ਕੈਨੇਡਾ ਦੀ ਸਰਕਾਰ ਆਪਣੇ ਦੇਸ਼ ਵਿਚ ਖ਼ਾਲਿਸਤਾਨੀ ਅਤੇ ਹੋਰ ਭਾਰਤ ਵਿਰੋਧੀਆਂ ਨੂੰ ਸ਼ਹਿ ਦੇ ਰਹੀ ਹੈ। ਦੋਵਾਂ ਦੇਸ਼ਾਂ ਵਿਚ ਟਕਰਾਅ ਬਣਿਆ ਰਹਿਣ ਕਾਰਨ ਭਾਰਤ ਤੋਂ ਪੜ੍ਹਨ ਲਈ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਚੋਖੀ ਕਮੀ ਆਈ ਹੈ। ਕੈਨੇਡਾ ਸਰਕਾਰ ਨੇ ਵੀ ਇਸ ਸੰਬੰਧੀ ਵਿਦਿਆਰਥੀਆਂ ਦੀ ਆਮਦ ਘਟਾਉਣ ਲਈ ਕਈ ਤਰ੍ਹਾਂ ਦੇ ਕਦਮ ਚੁੱਕੇ ਹਨ।



ਭਾਰਤ ਦੇ ਗੁਆਂਢੀ ਦੇਸ਼ ਬੰਗਲਾਦੇਸ਼ ਵਿਚ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆਏ। 7 ਜਨਵਰੀ ਨੂੰ ਦੇਸ਼ ਵਿਚ ਚੋਣਾਂ ਹੋਈਆਂ, ਜਿਸ ਦਾ ਮੁੱਖ ਵਿਰੋਧੀ ਪਾਰਟੀਆਂ ਵਲੋਂ ਬਾਈਕਾਟ ਕੀਤਾ ਗਿਆ ਸੀ। ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ ਨੇ ਪਾਰਲੀਮੈਂਟ ਦੀਆਂ 300 ਸੀਟਾਂ ਵਿਚੋਂ 224 ਸੀਟਾਂ ਜਿੱਤਣ ਦਾ ਦਾਅਵਾ ਕੀਤਾ। ਪਰ ਕੌਮਾਂਤਰੀ ਭਾਈਚਾਰੇ ਵਲੋਂ ਅਤੇ ਅਵਾਮੀ ਲੀਗ ਦੇ ਸਥਾਨਕ ਵਿਰੋਧੀਆਂ ਵਲੋਂ ਇਨ੍ਹਾਂ ਚੋਣਾਂ ਨੂੰ ਨਿਰਪੱਖ ਨਾ ਮੰਨਿਆ ਗਿਆ। ਇਨ੍ਹਾਂ ਚੋਣਾਂ ਤੋਂ ਛੇਤੀ ਬਾਅਦ ਰਾਖਵੇਂਕਰਨ ਨੂੰ ਲੈ ਕੇ ਅੰਦੋਲਨ ਛੇੜ ਦਿੱਤਾ ਜੋ ਹਿੰਸਕ ਰੂਪ ਅਖ਼ਤਿਆਰ ਕਰ ਗਿਆ। ਇਸ ਕਾਰਨ ਸ਼ੇਖ ਹਸੀਨਾ ਨੂੰ ਆਪਣਾ ਦੇਸ਼ ਛੱਡ ਕੇ ਭਾਰਤ ਵਿਚ ਸ਼ਰਨ ਲੈਣੀ ਪਈ।



ਭਾਰਤ ਦੇ ਇਕ ਹੋਰ ਗੁਆਂਢੀ ਦੇਸ਼ ਸ੍ਰੀਲੰਕਾ ਵਿਚ ਇਸ ਵਾਰ 21 ਸਤੰਬਰ ਨੂੰ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਮਾਰਕਸਵਾਦੀ ਆਗੂ ਅਨੁਰਾ ਕੁਮਾਰਾ ਦਿਸਾਨਾਇਕੇ ਰਾਸ਼ਟਰਪਤੀ ਬਣਨ ਵਿਚ ਸਫ਼ਲ ਹੋਏ। ਉਨ੍ਹਾਂ ਨੇ ਇਹ ਚੋਣ ਨੈਸ਼ਨਲ ਪੀਪਲਜ਼ ਪੋਵਰ ਨਾਂਅ ਦੇ ਗੱਠਜੋੜ ਵਲੋਂ ਲੜੀ ਸੀ ਅਤੇ ਆਪਣੇ ਸ਼ਕਤੀਸ਼ਾਲੀ ਵਿਰੋਧੀਆਂ ਰਨਿਲ ਵਿਕਰਮਸਿੰਘੇ ਅਤੇ ਨਾਮਲ ਰਾਜਪਕਸ਼ੇ ਨੂੰ ਵੱਡੀ ਹਾਰ ਦਿੱਤੀ।




ਬੰਗਲਾਦੇਸ਼ ਵਿਚ ਸ਼ੇਖ ਹਸੀਨਾ ਵਾਜਿਦ ਦੀ ਸਰਕਾਰ ਦਾ ਤਖ਼ਤਾ ਪਲਟ ਹੋਣ ਤੋਂ ਬਾਅਦ ਉਥੇ ਬਣੀ ਆਰਜ਼ੀ ਸਰਕਾਰ ਦਾ ਮੁੱਖ ਸਲਾਹਕਾਰ ਨੋਬਲ ਇਨਾਮ ਪ੍ਰਾਪਤ ਅਰਥ ਸ਼ਾਸਤਰੀ ਮੁਹੰਮਦ ਯੂਨੁਸ ਨੂੰ ਬਣਾਇਆ ਗਿਆ ਸੀ। ਪਰ ਇਹ ਸਰਕਾਰ ਬੰਗਲਾਦੇਸ਼ ਦੀ ਸਥਿਤੀ ਨੂੰ ਕੰਟਰੋਲ ਕਰਨ ਵਿਚ ਬੁਰੀ ਤਰ੍ਹਾਂ ਅਸਫ਼ਲ ਸਿੱਧ ਹੋ ਰਹੀ ਹੈ। ਬੰਗਲਾਦੇਸ਼ ਦੀਆਂ ਘੱਟ ਗਿਣਤੀਆਂ ਖ਼ਾਸ ਕਰਕੇ ਹਿੰਦੂਆਂ 'ਤੇ ਹਮਲੇ ਵੱਧਦੇ ਜਾ ਰਹੇ ਹਨ।



ਇਜ਼ਰਾਈਲ ਅਤੇ ਹਮਾਸ ਦਰਮਿਆਨ ਗਾਜ਼ਾ ਵਿਚ ਚਲ ਰਿਹਾ ਯੁੱਧ ਕਈ ਵਾਰ ਈਰਾਨ ਅਤੇ ਇਜ਼ਰਾਈਲ ਯੁੱਧ ਦੇ ਰੂਪ ਅਖ਼ਤਿਆਰ ਕਰਦਾ ਵੀ ਨਜ਼ਰ ਆਇਆ। ਇਜ਼ਰਾਈਲ ਨੇ ਈਰਾਨ 'ਤੇ ਹਮਲੇ ਕਰਕੇ ਉਥੇ ਸ਼ਰਨ ਲਈ ਬੈਠੇ ਹਮਾਸ ਅਤੇ ਹਿਜ਼ਬੁੱਲਾ ਦੇ ਉੱਘੇ ਆਗੂਆਂ ਨੂੰ ਮਾਰ ਦਿੱਤਾ, ਜਿਸ ਦੇ ਪ੍ਰਤੀਕਰਮ ਵਜੋਂ ਈਰਾਨ ਨੇ ਇਜ਼ਰਾਈਲ 'ਤੇ 100 ਤੋਂ ਵੱਧ ਡਰੋਨਾ ਨਾਲ ਇਕ ਵੱਡਾ ਹਮਲਾ ਕੀਤਾ। ਪਰ ਦੂਜੇ ਪਾਸੇ ਪੱਛਮੀ ਦੇਸ਼ਾਂ ਦੀ ਸਹਾਇਤਾ ਨਾਲ ਇਜ਼ਰਾਈਲ ਇਸ ਹਮਲੇ ਨੂੰ ਬੇਅਸਰ ਕਰਨ ਵਿਚ ਸਫ਼ਲ ਰਿਹਾ।



ਨਿਹੋਨ ਹਿਡਾਨਕੀਓ ਜਿਨ੍ਹਾਂ ਨੂੰ ਸਾਲ 2024 ਦਾ ਨੋਬਲ ਸ਼ਾਂਤੀ ਪੁਰਸਕਾਰ ਮਿਲਿਆ